## ਓਨਟੇਰੀਓ ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ

ਓਨਟੇਰੀਓ ਦਾ ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ ਜਨਮ ਤੋਂ ਲੈ ਕੇ ਸਕੂਲ ਆਰੰਭ ਕਰਨ ਤਕ ਦੀ ਉਮਰ ਦੇ ਬੱਚਿਆਂ ਲਈ ਸੇਵਾਵਾਂ ਪ੍ਰਦਾਨ ਕਰਦਾ ਹੈ। ਸੂਬੇ ਭਰ ਦੀਆਂ ਅਨੇਕਾਂ ਕਮਿਊਨਿਟੀਆਂ ਵਿੱਚ ਘਰ ਦੇ ਜਿੰਨ੍ਹਾ ਨੇੜੇ ਹੋ ਸਕੇ, ਉਨ੍ਹਾਂ ਨੇੜੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮੁੱਲਾਂਕਣ ਅਤੇ ਇਲਾਜਾਤਮਕ ਸੇਵਾਵਾਂ ਦੀ ਇੱਕ ਵੰਨਗੀ ਪੇਸ਼ ਕੀਤੀ ਜਾਂਦੀ ਹੈ।

ਜੇ ਆਪਣੇ ਬੱਚੇ ਦੇ ਬੋਲੀ ਅਤੇ ਭਾਸ਼ਾ ਦੇ ਹੁਨਰਾਂ ਬਾਰੇ ਤੁਹਾਡੇ ਮਨ ਵਿੱਚ ਕੋਈ ਤੌਖਲ਼ੇ ਹਨ, ਤੁਸੀਂ ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ ਤੋਂ ਮਦਦ ਹਾਸਲ ਕਰ ਸਕਦੇ ਹੋ। ਪ੍ਰੋਗਰਾਮ ਦੇ ਕਰਮਚਾਰੀ ਤੁਹਾਨੂੰ ਸਿਖਾ ਸਕਦੇ ਹਨ ਕਿ ਆਪਣੇ ਬੱਚੇ ਦਾ ਗੱਲਬਾਤ ਦਾ ਹੁਨਰ ਵਿਕਸਤ ਕਰਨ, ਉਸ ਨੂੰ ਸਿਹਤਮੰਦ ਤਰੀਕੇ ਨਾਲ ਵਧਣ-ਫੁੱਲਣ ਵਿੱਚ ਕਿਵੇਂ ਮਦਦ ਕਰਨੀ ਹੈ।

ਓਨਟੇਰੀਓ ਦਾ ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਡਿਵੈਲਪਮੈਂਟ ਪ੍ਰੋਗਰਾਮ ਤੁਹਾਨੂੰ ਬਿਨਾ ਕੋਈ ਫੀਸ ਦਿੱਤਿਆਂ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਇਸ ਦਾ ਫਾਇਦਾ ਉਠਾਉਣ ਲਈ ਤੁਹਾਨੂੰ ਕਿਸੇ ਡਾਕਟਰ ਵੱਲੋਂ ਸਿਫਾਰਸ਼ ਕੀਤੇ ਜਾਣ ਦੀ ਲੋੜ ਨਹੀਂ ਹੁੰਦੀ।

ਮਦਦ ਕਰਨ ਲਈ ਕਦੀ ਇਹ ਨਾ ਸੋਚੋ ਕਿ “ਹਾਲੇ ਕਿਹੜੀ ਕਾਹਲੀ ਹੈ!”

ਵਧੇਰੇ ਜਾਣਕਾਰੀ ਲਈ ਆਪਣੇ ਸਥਾਨਕ ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ ਨਾਲ ਸੰਪਰਕ ਕਰੋ, ਜਾਂ ਹੇਠਾਂ ਦਿੱਤੇ ਓਨਟੇਰੀਓ ਸਰਕਾਰ ਦੇ INFOline ਨੰਬਰ ਤੇ ਫ਼ੋਨ ਕਰੋ।

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

ਓਨਟੇਰੀਓ ਸਰਕਾਰ
INFOline: ਟੋਲ-ਫ੍ਰੀ 1-866-821-7770
TTY 1-800-387-5559
www.children.gov.on.ca

Your baby's speech and language skills from birth to 30 months
Catalogue 7710-3136710 Punjabi June/07 ©Queen's Printer for Ontario

**ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਪ੍ਰੋਗਰਾਂਮ**
**(PRESCHOOL SPEECH AND LANGUAGE PROGRAM)**



# ਜਨਮ ਤੋਂ ਲੈ ਕੇ 30 ਮਹੀਨੇ ਤਕ ਦੀ ਉਮਰ ਦੇ ਤੁਹਾਡੇ ਬੱਚੇ ਦੇ ਬੋਲੀ ਅਤੇ ਭਾਸ਼ਾ ਦੇ ਹੁਨਰ

Ontario



ਜਨਮ ਵੇਲੇ ਤੋਂ ਹੀ ਬੱਚੇ ਗੱਲਬਾਤ ਕਰਨਾ ਸ਼ੁਰੂ ਕਰ ਦਿੰਦੇ ਹਨ। ਤੁਸੀਂ ਕੀ ਕਹਿ ਰਹੇ ਹੋ, ਅਤੇ ਖੁਦ ਆਪਣੀਆਂ ਆਵਾਜ਼ਾਂ ਕੱਢਣਾ, ਇਹ ਗੱਲਾਂ ਉਹ ਆਪਣੇ ਜੀਵਨ ਦੇ ਬਹੁਤ ਸ਼ੁਰੂ ਵਿੱਚ ਹੀ ਸਿੱਖ ਜਾਂਦੇ ਹਨ। ਉਹ ਬੋਲੀ ਅਤੇ ਭਾਸ਼ਾ ਦੇ ਅਜਿਹੇ ਹੁਨਰ ਵਿਕਸਤ ਕਰਨਾ ਸ਼ੁਰੂ ਕਰ ਦਿੰਦੇ ਹਨ ਜਿਹੜੇ ਮਿੱਤਰ ਬਣਾਉਣ, ਲਿਖਣਾ-ਪੜ੍ਹਨਾ ਸਿੱਖਣ ਅਤੇ ਬਾਅਦ ਵਿੱਚ ਸਕੂਲ ਵਿੱਚ ਕਾਮਯਾਬ ਹੋਣ ਵਿੱਚ ਉਨ੍ਹਾਂ ਦੀ ਮਦਦ ਕਰਨਗੇ। ਗੱਲਬਾਤ ਦੇ ਹੁਨਰ ਤੁਹਾਡੇ ਬੱਚੇ ਦੀ ਜ਼ਿੰਦਗੀ ਲਈ ਅਹਿਮ ਹਨ।

ਹਰ 10 ਵਿੱਚੋਂ ਲਗਭਗ ਇੱਕ ਬੱਚੇ ਨੂੰ ਬੋਲੀ ਅਤੇ ਭਾਸ਼ਾ ਦੇ ਆਮ ਗੁਣ ਵਿਕਸਤ ਕਰਨ ਲਈ ਮਦਦ ਦੀ ਲੋੜ ਹੁੰਦੀ ਹੈ। ਬਿਨਾ ਮਦਦ ਤੋਂ ਗੱਲ ਸੁਣਨਾ ਅਤੇ ਕਰਨਾ ਇੱਕ ਸੰਘਰਸ਼ ਹੋ ਕੇ ਰਹਿ ਜਾਂਦਾ ਹੈ, ਸਿੱਖਣਾ ਔਖਾ ਹੁੰਦਾ ਹੈ, ਅਤੇ ਹੋਰਨਾਂ ਬੱਚਿਆਂ ਨਾਲ ਖੇਡਣਾ ਮੁਸ਼ਕਲ ਹੋ ਜਾਂਦਾ ਹੈ।



# ਵਿਕਾਸਾਤਮਕ ਮੀਲ-ਪੱਥਰ

ਇਹ ਵਿਕਾਸਾਤਮਕ ਮੀਲ-ਪੱਥਰ ਬੱਚਿਆਂ ਵੱਲੋਂ ਗੱਲਬਾਤ ਕਰਨਾ ਸਿੱਖਣ ਦੌਰਾਨ ਕੀਤੀ ਤਰੱਕੀ ਦਰਸਾਉਣ ਵਾਲੇ ਕਈ ਹੁਨਰ ਵਿਖਾਉਂਦੇ ਹਨ। ਕੁੱਝ ਨੁਕਤੇ ਵੀ ਇਸ ਬਾਰੇ ਦਿੱਤੇ ਜਾ ਰਹੇ ਹਨ ਕਿ ਆਪਣੇ ਬੱਚੇ ਨੂੰ ਬੋਲੀ ਅਤੇ ਭਾਸ਼ਾ ਦੇ ਮਜ਼ਬੂਤ ਹੁਨਰ ਸਿਖਾਉਣ ਵਿੱਚ ਤੁਸੀਂ ਆਪਣੇ ਬੱਚੇ ਦੀ ਮਦਦ ਕਿਵੇਂ ਕਰ ਸਕਦੇ ਹੋ।





## 6 ਮਹੀਨੇ ਦਾ ਹੋਣ ਤਕ

- ਆਵਾਜ਼ ਪੈਦਾ ਹੋਣ ਦੇ ਵਸੀਲੇ ਵੱਲ ਮੂੰਹ ਮੋੜਦਾ ਹੈ
- ਅਚਾਨਕ, ਉੱਚੀ ਆਵਾਜ਼ ਹੋਣ ਤੇ ਚੌਂਕਦਾ ਹੈ
- ਅਲੱਗ-ਅਲੱਗ ਲੋੜਾਂ – ਮੈਂ ਭੁੱਖਾ ਹਾਂ, ਮੈਂ ਥੱਕ ਗਿਆ ਹਾਂ – ਲਈ ਅਲੱਗ-ਅਲੱਗ ਤਰ੍ਹਾਂ ਰੋਂਦਾ ਹੈ
- ਜਦੋਂ ਤੁਸੀਂ ਬੋਲਦੇ ਹੋ, ਤੁਹਾਡੇ ਮੂੰਹ ਵੱਲ ਵੇਖਦਾ ਹੈ
- ਤੁਹਾਡੀਆਂ ਮੁਸਕਰਾਹਟਾਂ ਅਤੇ ਹਾਸਿਆਂ ਦੇ ਜਵਾਬ ਵਿੱਚ ਮੁਸਕਰਾਉਂਦਾ ਅਤੇ ਹੱਸਦਾ ਹੈ
- ਖੰਘਣ ਅਤੇ ਹੋਰ ਆਵਾਜ਼ਾਂ ਦੀ ਨਕਲ ਕਰਦਾ ਹੈ – *ਖਉਂ-ਖਉਂ, ਹਾਅਅ, ਬੁਅਅਅ...*

## 9 ਮਹੀਨੇ ਦਾ ਹੋਣ ਤਕ

- ਆਪਣਾ ਨਾਮ ਕਹੇ ਜਾਣ ਦਾ ਜਵਾਬ ਦਿੰਦਾ ਹੈ
- ਟੈਲੀਫ਼ੋਨ ਦੀ ਘੰਟੀ ਵੱਜਣ ਜਾਂ ਦਰਵਾਜੇ ਤੇ ਦਸਤਕ ਹੋਣ ਦਾ ਅਸਰ ਕਰਦਾ ਹੈ
- "ਨਾਂਹ" ਕਹੇ ਜਾਣ ਦਾ ਅਰਥ ਸਮਝਦਾ ਹੈ
- ਇਸ਼ਾਰਾ ਕੀਤੇ ਜਾਣ ਤੇ ਜੋ ਮੰਗੇ, ਮਿਲਦਾ ਹੈ, ਜਿਵੇਂ ਬਾਹਾਂ ਚੁੱਕ ਕੇ ਗੋਦੀ ਚੁੱਕੇ ਜਾਣ ਲਈ ਕਹਿਣਾ
- ਤੁਹਾਡੇ ਨਾਲ ਸਮਾਜਿਕ ਖੇਡਾਂ ਖੇਡਦਾ ਹੈ, ਜਿਵੇਂ ਲੁਕਣ-ਮੀਟੀ
- ਲੋਕਾਂ ਵਿੱਚ ਹੋਣਾ ਪਸੰਦਾ ਕਰਦਾ ਹੈ
- ਤੁਤਲਾਂਦਾ ਅਤੇ ਆਵਾਜ਼ਾਂ ਦੁਹਰਾਉਂਦਾ ਹੈ – *ਬਾਬਾਬਾਬਾ, ਦਾਦਾਦਾਦਾ*

## 12 ਮਹੀਨੇ ਦਾ ਹੋਣ ਤਕ

- ਇੱਕ-ਪੜਾਵੀ ਸਾਦੀਆਂ ਹਿਦਾਇਤਾਂ ਦੀ ਪਾਲਣਾ ਕਰਦਾ ਹੈ – "ਬੈਠ ਜਾਉ"
- ਤੁਹਾਡੇ ਵੱਲੋਂ ਇਸ਼ਾਰਾ ਕੀਤੇ ਜਾਣ ਤੇ ਕਮਰੇ ਦੇ ਦੂਜੇ ਪਾਸੇ ਵੱਲ ਵੇਖਦਾ ਹੈ
- ਇਕਸਾਰਤਾ ਨਾਲ ਤਿੰਨ ਤੋਂ ਪੰਜ ਲਫ਼ਜ਼ ਵਰਤਦਾ ਹੈ
- ਇਸ਼ਾਰਿਆਂ ਨਾਲ ਗੱਲਬਾਤ ਕਰਦਾ ਹੈ – ਹੱਥ ਹਿਲਾ ਕੇ "ਬਾਇ-ਬਾਇ", ਸਿਰ ਫੇਰ ਕੇ "ਨਾਂਹ"
- ਤੁਹਾਡੀਆਂ ਅੱਖਾਂ ਵੱਲ ਵੇਖਦਿਆਂ ਆਵਾਜ਼ਾਂ, ਇਸ਼ਾਰੇ ਅਤੇ ਉਂਗਲਾਂ ਚੁੱਕ ਕੇ ਤੁਹਾਡਾ ਧਿਆਨ ਖਿੱਚਦਾ ਹੈ
- ਤੁਹਾਨੂੰ ਵਿਖਾਉਣ ਲਈ ਖਿਡੌਣੇ ਲਿਆਉਂਦਾ ਹੈ
- ਧਿਆਨ ਅਤੇ ਪ੍ਰਸ਼ੰਸਾ ਲਈ ਕੁੱਝ "ਕਰ ਕੇ ਵਿਖਾਉਂਦਾ" ਹੈ
- ਕਈ ਸਾਰੀਆਂ ਆਵਾਜ਼ਾਂ ਨੂੰ ਇਉਂ ਜੋੜਦਾ ਹੈ ਜਿਵੇਂ ਗੱਲ ਕਰ ਰਿਹਾ ਹੋਵੇ – *ਅਬਾਡਾ ਬਾਛੂਹ ਐਬੀਅ*
- ਤਸਵੀਰਾਂ ਵਾਲੀਆਂ ਸਾਦੀਆਂ ਕਿਤਾਬਾਂ ਵਿੱਚ ਦਿਲਚਸਪੀ ਲੈਂਦਾ ਹੈ

## ਛੋਟੇ ਬਾਲ ਪਸੰਦ ਕਰਦੇ ਹਨ ਜਦੋਂ ਤੁਸੀਂ:

- ਉਨ੍ਹਾਂ ਦੇ ਕੱਦ ਬਰਾਬਰ ਆ ਜਾਂਦੇ ਹੋ ਤਾਂ ਕਿ ਉਹ ਤੁਹਾਡਾ ਮੂੰਹ ਵੇਖ ਸਕਣ। ਇਸ ਨਾਲ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਤੁਸੀਂ ਉਨ੍ਹਾਂ ਦੇ ਕੰਮਾਂ ਅਤੇ ਗੱਲਾਂ ਵਿੱਚ ਦਿਲਚਸਪੀ ਲੈਂਦੇ ਹੋ। ਇਸ ਨਾਲ ਉਨ੍ਹਾਂ ਲਈ ਤੁਹਾਡੇ ਨਾਲ ਗੱਲਬਾਤ ਕਰਨੀ ਸੌਖੀ ਹੋ ਜਾਂਦੀ ਹੈ।
- ਉਨ੍ਹਾਂ ਵੱਲੋਂ ਪੈਦਾ ਕੀਤੀਆਂ ਆਵਾਜ਼ਾਂ ਦੁਹਰਾਉ। ਬੱਚੇ ਆਵਾਜ਼ਾਂ ਕੱਢਣੀਆਂ ਪਸੰਦ ਕਰਦੇ ਹਨ ਅਤੇ ਜਦੋਂ ਤੁਸੀਂ ਉਨ੍ਹਾਂ ਆਵਾਜ਼ਾਂ ਦੀ ਨਕਲ ਵਾਰ-ਵਾਰ ਕਰਦੇ ਹੋ, ਤਾਂ ਉਸ ਗੱਲ ਨੂੰ ਪਸੰਦ ਕਰਦੇ ਹਨ।
- ਗਾਉ ਅਤੇ ਹੱਸੋ, ਖਾਸ ਕਰ ਕੇ ਜਦੋਂ ਤੁਸੀਂ ਉਨ੍ਹਾਂ ਨੂੰ ਖਾਣਾ ਖੁਆ ਰਹੇ, ਨਹਾ ਰਹੇ ਹੋਵੋਂ, ਅਤੇ ਉਨ੍ਹਾਂ ਦੇ ਕੱਪੜੇ ਬਦਲ ਰਹੇ ਹੋਵੋਂ। ਆਪਣੇ ਬੱਚੇ ਨਾਲ ਆਪਣੇ ਵੱਲੋਂ ਦਿਨ ਭਰ ਕੀਤੀਆਂ ਜਾਣ ਵਾਲੀਆਂ ਅਤੇ ਵੇਖਣ ਵਾਲੀਆਂ ਗੱਲਾਂ ਬਾਰੇ ਗੱਲ ਕਰਨਾ ਯਾਦ ਰੱਖੋ – "ਮੰਮੀ ਆਪਣਾ ਕੋਟ ਪਾ ਰਹੀ ਹੈ", "ਆਹ ਬੜਾ ਵੱਡਾ ਟਰੱਕ ਹੈ"
- ਜਿਹੜੀਆਂ ਚੀਜ਼ਾਂ ਵੱਲ ਉਹ ਵੇਖ ਰਹੇ ਹੋਣ ਜਾਂ ਜਿਨ੍ਹਾਂ ਨਾਲ ਉਹ ਖੇਡ ਰਹੇ ਹੋਣ, ਉਨ੍ਹਾਂ ਨੂੰ ਉਨ੍ਹਾਂ ਦੇ ਨਾਮ ਦੱਸੋ। ਬੱਚੇ ਖੋਜ-ਬੀਨ ਕਰਨਾ ਅਤੇ ਨਵੀਆਂ ਚੀਜ਼ਾਂ ਬਾਰੇ ਸਿੱਖਣਾ ਪਸੰਦ ਕਰਦੇ ਹਨ, ਅਤੇ ਇਹ ਪਤਾ ਲਾਉਣਾ ਪਸੰਦ ਕਰਦੇ ਹਨ ਕਿ ਉਨ੍ਹਾਂ ਵਸਤਾਂ ਦੇ ਨਾਮ ਕੀ ਹਨ।

## 18 ਮਹੀਨੇ ਦਾ ਹੋਣ ਤਕ

- "ਅੰਦਰ ਅਤੇ ਬਾਹਰ", "ਬੰਦ ਅਤੇ ਚੱਲਦਾ" ਦੇ ਸੰਕਲਪ ਸਮਝਦਾ ਹੈ
- ਕਹੇ ਜਾਣ ਤੇ ਸਰੀਰ ਦੇ ਕਈ ਹਿੱਸਿਆਂ ਵੱਲ ਇਸ਼ਾਰਾ ਕਰਦਾ ਹੈ
- ਲਗਾਤਾਰ 20 ਲਫ਼ਜ਼ ਵਰਤਦਾ ਹੈ
- ਸਾਦੇ ਸਵਾਲਾਂ – "ਟੈਡੀ ਕਿੱਥੇ ਐ?", "ਆਹ ਕੀ ਐ?" – ਦਾ ਜਵਾਬ ਲਫ਼ਜ਼ਾਂ ਜਾਂ ਇਸ਼ਾਰਿਆਂ ਨਾਲ ਦਿੰਦਾ ਹੈ
- ਖਿਡੌਣਿਆਂ ਨਾਲ ਝੂਠੀ-ਮੂਠੀ ਦੀ ਕੁੱਝ ਖੇਡ ਖੇਡਦਾ ਹੈ – ਟੈਡੀ ਨੂੰ ਪੀਣ ਨੂੰ ਕੁੱਝ ਦਿੰਦਾ ਹੈ, ਕੌਲੀ ਨੂੰ ਟੋਪੀ ਮੰਨਦਾ ਹੈ
- ਘੱਟੋ-ਘੱਟ ਚਾਰ ਵੱਖੋ-ਵੱਖਰੀਆਂ ਵਿਅੰਜਨਾਤਮਕ ਆਵਾਜ਼ਾਂ ਕੱਢਦਾ ਹੈ – *ਪ, ਬ, ਮ, ਨ, ਡ, ਜ, ਵ, ਹ*
- ਪੜ੍ਹ ਕੇ ਸੁਣਾਇਆ ਜਾਣਾ ਅਤੇ ਤੁਹਾਡੇ ਨਾਲ ਮਿਲ ਕੇ ਸਾਦੀਆਂ ਕਿਤਾਬਾਂ ਵੇਖਣਾ ਪਸੰਦ ਕਰਦਾ ਹੈ
- ਇੱਕ ਉਂਗਲ ਨਾਲ ਤਸਵੀਰਾਂ ਵੱਲ ਇਸ਼ਾਰਾ ਕਰਦਾ ਹੈ

## 24 ਮਹੀਨੇ ਦਾ ਹੋਣ ਤਕ

- ਦੋ ਪੜਾਵੀ ਹਿਦਾਇਤਾਂ ਮੰਨਦਾ ਹੈ – "ਜਾਹ ਆਪਣਾ ਟੈਡੀ ਬਿਅਰ ਲੱਭ ਤੇ ਦਾਦੀ ਨੂੰ ਦਿਖਾ"
- 100 ਤੋਂ 150 ਲਫ਼ਜ਼ ਵਰਤਦਾ ਹੈ
- ਘੱਟੋ-ਘੱਟ ਦੋ ਪੜਨਾਂਵ ਵਰਤਦਾ ਹੈ – "ਤੁਸੀਂ", "ਮੈਂ", "ਮੇਰਾ"
- ਦੋ ਤੋਂ ਚਾਰ ਲਫ਼ਜ਼ਾ ਨੂੰ ਛੋਟੇ ਵਾਕੰਸ਼ਾ ਵਿੱਚ ਲਗਾਤਾਰ ਜੋੜਦਾ ਹੈ – "ਡੈਡੀ ਟੋਪੀ", "ਟਰੱਕ ਥੱਲੇ ਗਿਆ"
- ਹੋਰ ਬੱਚਿਆਂ ਨਾਲ ਖੁਸ਼ ਰਹਿੰਦਾ ਹੈ
- ਹਾਣੀਆਂ ਨੂੰ ਖਿਡੌਣੇ ਦੇਣ ਲੱਗਦਾ ਹੈ ਅਤੇ ਹੋਰ ਬੱਚਿਆਂ ਦੀਆਂ ਹਰਕਤਾਂ ਅਤੇ ਲਫ਼ਜ਼ਾਂ ਦੀ ਨਕਲ ਲਾਉਂਦਾ ਹੈ
- 50 ਤੋਂ 60 ਫੀ ਸਦੀ ਵਾਰੀ ਉਸ ਦੀਆਂ ਗੱਲਾਂ ਲੋਕਾਂ ਦੀ ਸਮਝ ਵਿੱਚ ਆਉਂਦੀਆਂ ਹਨ
- ਆਰਾਮ ਨਾਲ, ਬਿਨਾ ਕਿਸੇ ਔਖਿਆਈ ਦੇ ਲਫ਼ਜ਼ ਅਤੇ ਆਵਾਜ਼ਾ ਸਿਰਜ ਲੈਂਦਾ ਹੈ
- ਕਿਤਾਬਾਂ ਸਿੱਧੀਆਂ ਫੜਦਾ ਹੈ ਅਤੇ ਪੰਨੇ ਪਲਟਦਾ ਹੈ
- ਜਾਨਵਰਾਂ ਦੀਆਂ ਭਰੀਆਂ ਖੱਲਾਂ ਜਾਂ "ਸਟੱਫਡ" ਖਿਡੌਣਿਆਂ ਨੂੰ "ਪੜ੍ਹ" ਕੇ ਸੁਣਾਉਂਦਾ ਹੈ
- ਰੰਗਾਂ ਨਾਲ ਝਰੀਟਾਂ ਮਾਰਦਾ ਹੈ

## 30 ਮਹੀਨੇ ਦਾ ਹੋਣ ਤਕ

- ਆਕਾਰ (ਵੱਡਾ/ਛੋਟਾ), ਅਤੇ ਮਿਕਦਾਰ (ਥੋੜਾ ਜਿਹਾ, ਬਹੁਤ, ਜ਼ਿਆਦਾ) ਦੇ ਸੰਕਲਪ ਨੂੰ ਸਮਝਦਾ ਹੈ
- ਬਾਲਗਾਂ ਦੀ ਕੁੱਝ ਵਿਆਕਰਣ ਵਰਤਦਾ ਹੈ – "ਦੋ ਕੁੱਕੀਆਂ", "ਪੰਛੀ ਉਡਦੈ", "ਮੈਂ ਛਾਲ ਮਾਰੀ"
- 350 ਤੋਂ ਵੀ ਵਧੇਰੇ ਲਫ਼ਜ਼ ਵਰਤਦਾ ਹੈ
- ਕਾਰਵਾਈ ਵਾਲੇ ਲਫ਼ਜ਼ ਵਰਤਦਾ ਹੈ – ਦੌੜ, ਡੁੱਲ੍ਹ ਗਿਆ, ਡਿੱਗਿਆ
- ਖਿਡੌਣੇ ਅਤੇ ਲਫ਼ਜ਼ ਵਰਤਦਿਆਂ ਦੂਜੇ ਬੱਚਿਆਂ ਨਾਲ ਛੋਟੀ-ਛੋਟੀ ਵਾਰੀ ਲੈਣ ਲੱਗਦਾ ਹੈ
- ਜੇ ਕੋਈ ਹੋਰ ਬੱਚਾ ਸੱਟ ਖਾ ਬੈਠੇ ਜਾਂ ਉਦਾਸ ਲੱਗੇ ਤਾਂ ਫਿਕਰ ਜਤਾਉਂਦਾ ਹੈ
- ਖੇਡ ਵਿੱਚ ਕਈ ਕਾਰਵਾਈਆਂ ਜੋੜਦਾ ਹੈ – ਗੁੱਡੀ ਨੂੰ ਖਾਣਾ ਖੁਆ ਕੇ ਸੁਆਉਂਦਾ ਹੈ; ਰੇਲ ਗੱਡੀ ਵਿੱਚ ਟੁਕੜੇ ਲੱਦ ਕੇ ਫਿਰ ਰੇਲ ਚਲਾਉਂਦਾ ਹੈ ਅਤੇ ਟੁਕੜੇ ਲਾਹ ਕੇ ਆਉਂਦਾ ਹੈ
- ਬਹੁਤੇ ਲਫ਼ਜ਼ਾਂ ਦੇ ਮੁੱਢ ਵਿੱਚ ਆਵਾਜ਼ ਪਾਉਂਦਾ ਹੈ
- ਦੋ ਜਾਂ ਵਧੇਰੇ ਉਚਾਰ-ਖੰਡਾਂ ਵਾਲੇ ਲਫ਼ਜ਼ ਸਿਰਜਦਾ ਹੈ – "ਬੈ-ਨਾ-ਨਾ", "ਕੰ-ਪਿ-ਊ-ਟਰ", "ਐੱ-ਪਲ"
- ਆਮ ਦਿੱਸਣ ਵਾਲੇ ਚਿੰਨ੍ਹ ਅਤੇ ਸਾਈਨ ਪਛਾਣਦਾ ਹੈ – ਮੈਕਡਾਨਲਡਜ਼ ਦੀਆਂ ਸੁਨਹਿਰੀ ਡਾਟਾਂ, ਸਟਾਪ ਸਾਈਨ
- ਜਾਣੀਆਂ-ਪਹਿਚਾਣੀਆਂ ਕਹਾਣੀਆਂ ਯਾਦ ਰੱਖਦਾ ਅਤੇ ਸਮਝਦਾ ਹੈ

## ਰਿੜ੍ਹਣ ਵਾਲੇ ਬੱਚੇ ਪਸੰਦ ਕਰਦੇ ਹਨ ਜਦੋਂ ਤੁਸੀਂ:

- ਉਨ੍ਹਾਂ ਨੂੰ ਕਿਤਾਬਾਂ ਛੂਹਣ ਅਤੇ ਫੜ੍ਹਨ ਦਿੰਦੇ ਹੋ ਜਦੋਂ ਤੁਸੀਂ ਤਸਵੀਰਾਂ ਵੱਲ ਇਸ਼ਾਰੇ ਕਰਦੇ ਅਤੇ ਉਨ੍ਹਾਂ ਦੇ ਨਾਮ ਦੱਸਦੇ ਹੋ।
- ਤੁਤਲਾ ਕੇ ਗੱਲ ਕਰਨ ਦੀ ਜਗ੍ਹਾ ਅਸਲੀ ਲਫ਼ਜ਼ ਵਰਤਦੇ ਹੋ – ਜਿਵੇਂ "ਤਾ ਤਾ" ਕਹਿਣ ਦੀ ਜਗ੍ਹਾ "ਲਿਆ, ਮੈਨੂੰ ਦੇ", ਅਤੇ "ਬਾ ਬਾ" ਕਹਿਣ ਦੀ ਜਗ੍ਹਾ "ਬੋਤਲ"।
- ਉਨ੍ਹਾਂ ਦੀ ਗੱਲ ਸੁਣਨ ਲਈ ਸਮਾਂ ਕੱਢਦੇ ਹੋ – ਉਹ ਚਾਹੁੰਦੇ ਹਨ ਕਿ ਤੁਸੀਂ ਉਨ੍ਹਾਂ ਦੀਆਂ ਸਾਰੀਆਂ ਨਵੀਆਂ ਆਵਾਜ਼ਾਂ, ਲਫ਼ਜ਼ ਅਤੇ ਵਿਚਾਰ ਸੁਣੋਂ।
- ਮੰਨਣ ਲਈ ਉਨ੍ਹਾਂ ਨੂੰ ਸਾਦੀਆਂ ਹਿਦਾਇਤਾਂ ਦਿੰਦੇ ਹੋ – "ਜਾਹ ਆਪਣੀ ਲਾਲ ਜੁੱਤੀ ਲੱਭ ਕੇ ਲਿਆ"।
- ਉਨ੍ਹਾਂ ਨਾਲ ਗੱਲ ਕਰਨ ਲੱਗੇ ਬੜੇ ਵੱਖੋ-ਵੱਖਰੇ ਲਫ਼ਜ਼ ਬੋਲਦੇ ਹੋ – ਉਲਟੇ ਲਫ਼ਜ਼ ਜਿਵੇਂ ਉੱਪਰ/ਥੱਲੇ, ਅੰਦਰ/ਬਾਹਰ, ਕਾਰਵਾਈ ਵਾਲੇ ਲਫ਼ਜ਼ ਜਿਵੇਂ "ਦੌੜਨਾ", "ਛਲਕਾਉਣਾ", ਅਤੇ ਵੇਰਵੇਦਾਰ ਲਫ਼ਜ਼ ਜਿਵੇਂ "ਖੁਸ਼", "ਵੱਡਾ", "ਛੋਟਾ", "ਸਾਫ਼", "ਗੰਦਾ"।
- ਉਨ੍ਹਾਂ ਨੂੰ ਹੋਰਨਾਂ ਬੱਚਿਆਂ ਨਾਲ ਖੇਡਣ ਲਈ ਉਤਸ਼ਾਹਿਤ ਕਰੋ – ਲਾਇਬ੍ਰੇਰੀ, ਪਾਰਕ, ਖੇਡਣ ਦੇ ਗਰੁੱਪਾਂ ਅਤੇ ਪਾਰਕ ਵਿੱਚ।